ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ. ਏ. ਐਸ. ਨਗਰ।
( ਅਮਲਾ - 2 ਸ਼ਾਖਾ)

ਨੋਟਿਸ

ਮਿਤੀ 13.09.2018

3582 ਭਰਤੀ ਇਸ਼ਤਿਹਾਰ ਮਿਤੀ 10.09.2017 ਤਹਿਤ ਮਿਤੀ 23.08.2018 ਨੂੰ ਜਾਰੀ ਹੋਈ ਸਿਲੈਕਸ਼ਨ ਲਿਸਟ ਅਨੁਸਾਰ ਯੋਗ ਉਮੀਦਵਾਰਾਂ ਨੂੰ ਬਤੌਰ ਅੰਗ੍ਰੇਜੀ ਮਿਸਟ੍ਰੈਸ ਅਤੇ ਹਿੰਦੀ ਮਿਸਟ੍ਰੈਸ ਦੀ ਨਿਯੁਕਤੀ ਦੇਣ ਲਈ ਭਰਤੀ ਡਾਇਰੈਕਟੋਰੇਟ ਵੱਲੋਂ ਸਿਫਾਰਸ਼ਾਂ ਪ੍ਰਾਪਤ ਹੋਈਆਂ ਸਨ। ਪ੍ਰਾਪਤ ਸੂਚੀ ਅਨੁਸਾਰ ਮਿਤੀ 29.08.2018 ਨੂੰ ਯੋਗ ਉਮੀਦਵਾਰਾਂ ਨੂੰ ਨਿਯੁਕਤੀ ਲਈ ਪੇਸ਼ਕਸ਼ ਪੱਤਰ ਦਿੱਤੇ ਗਏ ਸਨ।

ਉਪਰੰਤ ਇਹ ਧਿਆਨ ਵਿੱਚ ਆਇਆ ਹੈ ਕਿ ਅੰਗਰੇਜੀ ਅਤੇ ਹਿੰਦੀ ਵਿਸ਼ੇ ਵਿੱਚ ਪੇਸ਼ਕਸ਼ ਪੱਤਰ ਲੈ ਚੁੱਕੇ ਕੁਝ ਉਮੀਦਵਾਰ ਅਜਿਹੇ ਵੀ ਹਨ ਜਿਨ੍ਹਾ ਦਾ ਨਾਮ ਸਮਾਜਿਕ ਸਿੱਖਿਆ-ਅੰਗ੍ਰੇਜੀ ਜਾਂ ਸਮਾਜਿਕ ਸਿੱਖਿਆ-ਹਿੰਦੀ ਜਾਂ ਅੰਗ੍ਰੇਜੀ/ਹਿੰਦੀ ਦੇ ਨਾਲ ਨਾਲ ਕਿਸੇ ਹੋਰ ਵਿਸ਼ੇ ਦੀ ਸਿਲੈਕਸ਼ਨ ਸੂਚੀ ਵਿੱਚ ਵੀ ਬਤੌਰ ਸਫਲ ਉਮੀਦਵਾਰ ਦਰਜ ਹੈ ਅਤੇ ਉਹ ਅੰਗਰੇਜੀ / ਹਿੰਦੀ ਵਿਸ਼ੇ ਤੋਂ ਇਲਾਵਾ ਕਿਸੇ ਹੋਰ ਵਿਸ਼ੇ ਵਿੱਚ ਬਤੌਰ ਮਾਸਟਰ/ਮਿਸਟ੍ਰੈਸ ਪੇਸ਼ਕਸ਼ ਪੱਤਰ ਪ੍ਰਾਪਤ ਕਰ ਚੁੱਕੇ ਹਨ / ਆਪਣੀ ਸਹਿਮਤੀ ਨਾਲ ਸਟੇਸ਼ਨ ਚੋਣ ਕਰਨ ਉਪਰੰਤ ਤੈਨਾਤੀ ਵਾਲੀ ਥਾਂ ਤੇ ਹਾਜਰ ਵੀ ਹੋ ਚੁੱਕੇ ਹਨ।

ਵਿਦਿਆਰਥੀਆਂ ਦੀ ਪੜ੍ਹਾਈ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਅਜਿਹੇ ਉਮੀਦਵਾਰਾਂ ਦੀ ਅੰਗਰੇਜੀ / ਹਿੰਦੀ ਵਿੱਚ ਜਾਰੀ ਕੀਤੇ ਪੇਸ਼ਕਸ਼ ਪੱਤਰ ਤੁਰੰਤ ਪ੍ਰਭਾਵ ਤੋਂ ਵਾਪਿਸ ਲਏ ਜਾਂਦੇ ਹਨ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।